## Press Note

# JAGAT GURU NANAK DEV PUNJAB STATE OPEN UNIVERSITY
PATIALA

(Established by Act No.19 of 2019 of Legislature of the State of Punjab)

PSOU/PRO/2024/87

14 May 2024

**JGND PSOU offers tributes to Padma Shri Surjit Patar**
**14 May 2024**

Jagat Guru Nanak Dev Punjab State Open University (JGND PSOU), Patiala held a condolence meeting in memory of poet, writer, translator and educationist Padma Shri Surjit Patar. Prof. Karamjeet Singh, Vice Chancellor, JGND PSOU, said that "Surjit Patar left an indelible mark in the literary world." "The distinguished poet not only composed the University anthem but was also associated with various academic activities at JGND PSOU," he added.

Patar's poetic works include *Hawa Vich Likhe Harf; Hanere Vich; Sulagdi Varanmala; Patjhar Di Pazeb; Lafzaan Di Dargah.* Surjit Patar has translated three tragedies of *Federico Garcia Lorca, Girish Karnad's Nagmandala* and poems of *Bertolt Brecht* and *Pablo Neruda* into Punjabi.

Prof. Manjit Singh, Registrar and Prof. Gurdip Singh Batra, Dean Academic Affairs paid tributes to the departed soul. Prof. Kanwalvir Singh Dhindsa, Controller of Examination; Prof. Baljit Singh Khera, Director, Learner Support Centre; Dr. Navleen Multani, Director Public Relations; Dr. Amitoj Singh, Director CITS; Dr. Sukhpal Kaur, Head, Admission Cell; Dr. Amarjit Singh, Programme Coordinator, MA (Punjabi), faculty and staff were present during condolence meeting.

14/05/24

**Director**
**Public Relations**

Director-Public Relations Cell
Jagat Guru Nanak Dev
Punjab State Open University
Patiala – 147001(PB) INDIA

**JAGAT GURU NANAK DEV**
**PUNJAB STATE OPEN UNIVERSITY PATIALA**
**(Established by Act No.19 of 2019 of Legislature of the State of Punjab)**

PSOU/PRO/2024/87

14 ਮਈ 2024

**ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ ਪਦਮਸ੍ਰੀ ਸੁਰਜੀਤ ਪਾਤਰ ਜੀ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਤੇ ਸ਼ੋਕ ਸਭਾ ਕੀਤੀ ਗਈ**

ਅੱਜ ਮਿਤੀ 14-05-2024 ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਮਾਨਯੋਗ ਵਾਈਸ-ਚਾਂਸਲਰ ਪ੍ਰੋ (ਡਾ.) ਕਰਮਜੀਤ ਸਿੰਘ ਦੀ ਰਹਿਨੁਮਾਈ ਵਿੱਚ ਪਦਮ ਸ੍ਰੀ ਸੁਰਜੀਤ ਪਾਤਰ ਜੀ ਸੰਬੰਧੀ ਸ਼ੋਕ ਸਭਾ ਸਕੂਲ ਆਫ ਲੈਂਗੁਏਜ਼ ਵੱਲੋਂ ਕਰਵਾਈ ਗਈ। ਇਸ ਸੰਬੰਧੀ ਵਾਈਸ ਚਾਂਸਲਰ ਸਾਹਿਬ ਨੇ ਕਿਹਾ ਕਿ ਪਾਤਰ ਸਾਹਿਬ ਦਾ ਅਚਾਨਕ ਸਾਡੇ ਕੋਲੋ ਵਿਛੜ ਜਾਣਾ ਅਸਹਿ ਦੁਖਦਾਈ ਘਟਨਾ ਹੈ। ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨਾਲ ਪਾਤਰ ਸਾਹਿਬ ਦਾ ਸੰਬੰਧ ਵਿਭਿੰਨ ਅਕਾਦਮਿਕ ਪੱਖਾਂ ਤੋਂ ਹੈ। ਪਾਤਰ ਸਾਹਿਬ ਨੇ ਇਸ ਯੂਨੀਵਰਸਿਟੀ ਲਈ ਧੁਨੀ ਲਿਖਣ ਦੇ ਨਾਲ-ਨਾਲ ਯੂਨੀਵਰਸਿਟੀ ਵਿਖੇ ਹੋਣ ਵਾਲੇ ਮਹੱਤਵਪੂਰਨ ਅਕਾਦਮਿਕ ਕਾਰਜਾਂ ਵਿੱਚ ਹਮੇਸ਼ਾ ਹੀ ਆਪਣੀ ਰਹਿਨੁਮਾਈ ਬਖਸ਼ੀ ਹੈ। ਇਸ ਰਹਿਨੁਮਾਈ ਸਦਕਾ ਯੂਨੀਵਰਸਿਟੀ ਨੇ ਆਪਣੀ ਅਕਾਦਮਿਕ ਕਾਰਜ ਕੁਸ਼ਲਤਾ ਨੂੰ ਵਧਾਇਆ ਹੈ। ਪ੍ਰੋ. ਗੁਰਦੀਪ ਸਿੰਘ ਬੱਤਰਾ, ਡੀਨ ਅਕਾਦਮਿਕ ਮਾਮਲੇ ਵੱਲੋ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਗਿਆ ਕਿ ਪਦਮ ਸ੍ਰੀ ਸਾਰਜੀਤ ਪਾਤਰ ਜੀ ਦੁਆਰਾ ਪਾਂਜਬੀ ਸਾਹਿਤ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਪਹੁੰਚਾਉਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ ਅਤੇ ਅਚਾਨਕ ਉਨ੍ਹਾ ਦੇ ਚਲੇ ਜਾਣ ਕਾਰਨ ਪੰਜਾਬੀ ਸਾਹਿਤ ਜਗਤ ਨੂੰ ਵੱਡਾ ਘਾਟਾ ਪਿਆ ਹੈ। ਪ੍ਰੋ. ਮਨਜੀਤ ਸਿੰਘ, ਰਜਿਸਟਰਾਰ, ਜੇ. ਜੀ. ਐਨ.ਡੀ. ਪੀ.ਐਸ.ਓ.ਯੂ. ਵੱਲੋਂ ਵੀ ਇਸ ਦੁਖਦਾਈ ਅਤੇ ਮੰਦਭਾਗੀ ਘਟਨਾ ਉਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਪਦਮ ਸ੍ਰੀ ਸੁਰਜੀਤ ਪਾਤਰ ਜੀ ਦਾ ਇਸ ਯੂਨੀਵਰਸਿਟੀ ਨਾਲ ਬਹੁਤ ਹੀ ਮੋਹ ਭਰਿਆ ਰਿਸ਼ਤਾ ਸੀ। ਉਨਾਂ ਵੱਲੋਂ ਸਿਰਜੇ ਸਾਹਿਤ ਸੰਬੰਧੀ ਚਰਚਾ ਕਰਦਾ ਹੋਇਆ ਕਿਹਾ ਕਿ ਪਾਤਰ ਸਾਹਿਬ ਦਾ ਅਚਾਨਕ ਚਲੇ ਜਾਣਾ ਪੰਜਾਬੀ ਸਾਹਿਤ ਲਈ ਬੜਾ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਪਾਤਰ ਸਾਹਿਬ ਨੇ ਯੂਨੀਵਰਸਿਟੀ ਦੇ ਹਰ ਇਕ ਮੱਹਤਵਪੂਰਨ ਸਮਾਗਮ ਵਿੱਚ ਵੱਧ-ਚੜ੍ਹ ਕੇ ਆਪਣਾ ਯੋਗਦਾਨ ਦਿੱਤਾ ਹੈ, ਜਿਸ ਨਾਲ ਯੂਨੀਵਰਸਿਟੀ ਨੂੰ ਅਗਲੇਰੇ ਭਵਿਖਮੁਖੀ ਕਾਰਜ ਕਰਨ ਲਈ ਅਗਵਾਈ ਮਿਲਦੀ ਰਹੀ ਹੈ। ਇਸ ਸ਼ੋਕ ਸਭਾ ਵਿੱਚ ਯੂਨੀਵਰਸਿਟੀ ਦਾ ਸਮੁਚਾ ਅਧਿਆਪਨ ਅਮਲਾ: ਪ੍ਰੋ. ਗੁਰਦੀਪ ਸਿੰਘ ਬੱਤਰਾ, ਡੀਨ ਅਕਾਦਮਿਕ ਮਾਮਲੇ, ਪ੍ਰੋ. ਬਲਜੀਤ ਸਿੰਘ ਖਹਿਰਾ, ਡਾਇਰੈਕਟਰ ਐਲ.ਐਸ.ਸੀ.ਡਾ. ਕੰਵਲਬੀਰ ਸਿੰਘ ਢੀਡਸਾ, ਕੰਟਰੋਲਰ ਪ੍ਰੀਖਿਆਵਾ, ਡਾ. ਨਵਲੀਨ ਮੁਲਤਾਨੀ, ਮੁਖੀ ਸਕੂਲ ਆਫ ਲੈਂਗੁਏਜ਼ ਤੇ ਡਾਇਰੈਕਟਰ ਲੋਕ ਸੰਪਰਕ, ਡਾ. ਅਮਿਤੋਜ ਸਿੰਘ, ਡਾਇਰੈਕਟਰ ਸੀ.ਆਈ.ਟੀ.ਸੀ., ਡਾ. ਅਮਰਜੀਤ ਸਿੰਘ ਅਤੇ ਗੈਰ-ਅਧਿਆਪਨ ਅਮਲਾ ਹਾਜ਼ਰ ਸੀ।

14/05/24

**ਡਾਇਰੈਕਟਰ**
**ਲੋਕ ਸੰਪਰਕ**

**Director-Public Relations Cell**
**Jagat Guru Nanak Dev**
**Punjab State Open University**
**Patiala – 147001(PB) INDIA**

## Photos







## Links

https://www.instagram.com/p/C6-9ZwOP8PO/?img_index=2

https://www.facebook.com/photo?fbid=122177973962031399&set=pcb.122177975312031399